# ਜਾਣ-ਪਛਾਣ

ਜਦੋਂ ਨਵੇਂ ਨੇਮ ਦੇ ਲੇਖਕਾਂ ਨੇ ਕਲੀਸੀਆਵਾਂ ਸਥਾਪਤ ਕੀਤੀਆਂ, ਉਨ੍ਹਾਂ ਨੇ ਉਨ੍ਹਾਂ ਨੂੰ ਤਿਆਗਿਆ ਨਹੀਂ। ਪੌਲੁਸ ਅਤੇ ਉਸ ਦੇ ਸਹਿਕਰਮੀਆਂ ਨੂੰ, ਜਿਨ੍ਹਾਂ ਨੇ ਥੱਸਲੁਨੀਕੇ ਵਿੱਚ ਕਲੀਸੀਆ ਸਥਾਪਤ ਕੀਤੀ ਸੀ, ਸਤਾਓ ਦੇ ਕਾਰਣ ਜਵਾਨ ਮੰਡਲੀ ਨੂੰ ਛੱਡ ਕੇ ਜਾਣ ਲਈ ਮਜਬੂਰ ਕੀਤਾ ਗਿਆ ਸੀ (ਰਸੂਲਾਂ ਦੇ ਕਰਤੱਬ 17:1–10)। ਉਨ੍ਹਾਂ ਦੇ ਜਾਣ ਤੋਂ ਬਾਅਦ ਸਿਰਫ ਕੁਝ ਮਹੀਨਿਆਂ ਦੇ ਅੰਦਰ-ਅੰਦਰ, ਉਸ ਜਵਾਨ ਕਲੀਸੀਆ ਦੇ ਮੈਂਬਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਸਿਆਣੇਪਣ ਵਿੱਚ ਲਿਆਉਣ ਲਈ ਦੋ ਪੱਤ੍ਰੀਆਂ ਲਿਖੀਆਂ ਗਈਆਂ। ਦੂਜੀ ਪੱਤ੍ਰੀ ਨੂੰ ਅਸੀਂ 2 ਥੱਸਲੁਨੀਕੀਆਂ ਕਹਿੰਦੇ ਹਨ।

## ਲੇਖਕ

### ਅੰਦਰੂਨੀ ਸਬੂਤ

ਇਹ ਪੱਤ੍ਰੀ ਇਸ ਤਸਦੀਕ ਨਾਲ ਆਰੰਭ ਹੁੰਦੀ ਹੈ ਕਿ ਇਹ “ਪੌਲੁਸ ਅਤੇ ਸਿਲਵਾਨੁਸ ਅਤੇ ਤਿਮੋਥਿਉਸ” ਦੀ ਪੱਤ੍ਰੀ ਹੈ। 3:17 ਵਿੱਚ, ਫੇਰ ਹੇਠ ਲਿਖੇ ਸ਼ਬਦਾਂ ਵਿੱਚ ਪੌਲੁਸ ਦੇ ਲੇਖਕ ਹੋਣ ਦੀ ਪੁਸ਼ਟੀ ਕੀਤੀ ਗਈ ਹੈ: “ਮੇਰਾ ਪੌਲੁਸ ਦਾ ਆਪਣੇ ਹੱਥ ਦਾ ਲਿਖਿਆ ਹੋਇਆ ਸਲਾਮ।” ਇਸ ਤੋਂ ਇਲਾਵਾ, ਪੌਲੁਸ ਦੀ ਪੱਤ੍ਰੀ ਦੀ ਸ਼ੈਲੀ ਅਤੇ ਸ਼ਬਦਾਵਲੀ ਉਸ ਦੀਆਂ ਹੋਰਨਾਂ ਪੱਤ੍ਰੀਆਂ ਦੇ ਨਾਲ ਮਿਲਦੀ-ਜੁਲਦੀ ਹੈ।

1 ਅਤੇ 2 ਥੱਸਲੁਨੀਕੀਆਂ ਦੀਆਂ ਦੋਵੇਂ ਪੱਤ੍ਰੀਆਂ ਆਪਣੀਆਂ ਸ਼ੁਰੂਆਤੀ ਆਇਤਾਂ ਵਿੱਚ ਪੌਲੁਸ, ਸਿਲਵਾਨੁਸ ਅਤੇ ਤਿਮੋਥਿਉਸ ਦਾ ਜ਼ਿਕਰ ਕਰਦੀਆਂ ਹਨ। ਦੋਵੇਂ ਪੱਤ੍ਰੀਆਂ ਪੂਰੀ ਪੱਤ੍ਰੀ ਉੱਤਮ ਪੁਰਖ ਪੜਨਾਂਵ “ਅਸੀਂ” ਦੀ ਵਰਤੋਂ ਵੀ ਕਰਦੀਆਂ ਹਨ। ਇਹ ਸਬੂਤ ਰਸੂਲਾਂ ਦੇ ਕੰਮ ਵਿੱਚੋਂ ਇਤਹਾਸਕ ਅੰਕੜਿਆਂ ਨਾਲ ਮੇਲ ਖਾਂਦੇ ਹਨ ਜੋ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਸੀਲਾਸ (ਸਿਲਵਾਨੁਸ ਦਾ ਛੋਟਾ ਨਾਂਅ) ਨੇ ਥੱਸਲੁਨੀਕੀਆਂ ਦੀ ਮੰਡਲੀ ਨੂੰ ਸਥਾਪਤ ਕਰਨ ਵਿੱਚ ਪੌਲੁਸ ਦੀ ਮਦਦ ਕੀਤੀ ਸੀ (ਵੇਖੋ ਰਸੂਲਾਂ ਦੇ ਕਰਤੱਬ 17:4)।

### ਬਾਹਰੀ ਸਬੂਤ

2 ਥੱਸਲੁਨੀਕੀਆਂ ਦਾ ਲੇਖਕ ਪੌਲੁਸ ਹੈ ਇਸ ਦਾ ਸਮਰਥਨ ਖੁਦ ਪੱਤ੍ਰੀ ਤੋਂ ਬਾਹਰ ਆਤਮਾ ਦੀ ਪ੍ਰੇਰਣਾ ਰਹਿਤ ਸਰੋਤਾਂ ਦੁਆਰਾ ਕੀਤਾ ਗਿਆ ਹੈ। ਇਸ ਪੱਤ੍ਰੀ ਦੇ ਲਈ ਬਾਹਰੀ ਸਬੂਤ ਤਾਂ ਸਗੋਂ 1 ਥੱਸਲੁਨੀਕੀਆਂ ਦੇ ਲਈ ਜੋ ਸਬੂਤ ਪੇਸ਼ ਕੀਤੇ ਗਏ ਹਨ ਉਨ੍ਹਾਂ ਨਾਲੋਂ ਵੀ ਮਜ਼ਬੂਤ ਹਨ।

ਕਈ ਪ੍ਰਾਚੀਨ ਗਵਾਹਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 2 ਥੱਸਲੁਨੀਕੀਆਂ ਦਾ ਲੇਖਕ ਪੌਲੁਸ ਹੀ ਹੈ। ਏਸ਼ੀਆ ਮਾਈਨਰ ਦੇ ਪੋਲੀਕਾਰਪ (135 ਈਸਵੀ) ਨੇ ਇਸ ਵਿੱਚੋਂ ਹਵਾਲਾ ਦਿੱਤਾ ਅਤੇ ਇਸ ਦੇ ਨਾਲ-ਨਾਲ ਪੌਲੁਸ ਦਾ ਵੀ ਜ਼ਿਕਰ ਕੀਤਾ। ਮਾਰਕੀਓਨ ਕੈਨਨ (ਪ੍ਰੇਰਿਤ ਪੁਸਤਕਾਂ ਦੀ ਇੱਕ ਸੂਚੀ; 140 ਈਸਵੀ) ਇਸ ਨੂੰ ਸ਼ਾਮਲ ਕਰਦੀ ਹੈ। ਮਿਯੂਰਾਟੋਰੀਅਨ ਫਰੈਗਮੈਂਟ (170 ਈਸਵੀ) ਵਿੱਚ ਵੀ 2 ਥੱਸਲੁਨੀਕੀਆਂ ਸ਼ਾਮਲ ਹੈ।

ਆਈਰੇਨਿਉਸ (180 ਈਸਵੀ) ਇਸ ਦਾ ਨਾਂਅ ਲੈ ਕੇ ਜ਼ਿਕਰ ਕੀਤਾ ਹੈ ਅਤੇ ਇਸ ਨੂੰ ਪੌਲੁਸ ਦੇ ਨਾਵੇਂ ਲਾਇਆ। ਸਿਕੰਦਰੀਆ ਦਾ ਕਲੈਮੰਸ (190 ਈਸਵੀ) ਨੇ 2 ਥੱਸਲੁਨੀਕੀਆਂ 3:1, 2 ਵਿੱਚ ਹਵਾਲਾ ਦਿੱਤਾ।[1]

ਉਪਰੋਕਤ ਸਬੂਤਾਂ ਦੇ ਬਾਵਜੂਦ, ਪੌਲੁਸ ਦੇ ਲੇਖਕ ਹੋਣ ਬਾਰੇ ਕਈ ਇਤਰਾਜ਼ ਜਤਾਏ ਗਏ ਹਨ। ਰੌਬਰਟ ਐਲ. ਥੋਮਸ ਨੇ ਉਨ੍ਹਾਂ ਵਿੱਚੋਂ ਤਿੰਨ ਇਤਰਾਜ਼ਾਂ ਨੂੰ ਸੂਚੀਬੱਧ ਕੀਤਾ ਹੈ।[2]

1. *ਇਸ ਦਾ ਆਖ਼ਰੀ ਗੱਲਾਂ ਸੰਬੰਧੀ ਅਧਿਐਨ 1 ਥੱਸਲੁਨੀਕੀਆਂ ਤੋਂ ਵੱਖਰਾ ਹੈ।* ਕਿਹਾ ਜਾਂਦਾ ਹੈ ਕਿ ਦੂਜਾ ਥੱਸਲੁਨੀਕੀਆਂ ਵਿੱਚ *ਪਰਾਉਸੀਆ* (ਮਸੀਹ ਦੀ ਦੂਜੀ ਆਮਦ) ਤੋਂ ਪਹਿਲਾਂ ਬਹੁਤ ਸਾਰੇ ਪੂਰਵ-ਸੂਚਕ ਚਿੰਨ੍ਹ ਹਨ, ਜਦ ਕਿ 1 ਥੱਸਲੁਨੀਕੀਆਂ ਵਿੱਚ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਹੋਣ ਦੇ ਕਿਨਾਰੇ ਹੈ। ਫਿਰ ਵੀ, ਜਿਵੇਂ ਕਿ ਅਸੀਂ ਵੇਖਾਂਗੇ, ਜਦੋਂ ਕੋਈ 2 ਥੱਸਲੁਨੀਕੀਆਂ ਦੀ ਵਿਆਖਿਆ ਕਰਦਾ ਹੈ, ਇਹੋ ਜਿਹੇ ਪਰਤੱਖ ਫ਼ਰਕ ਲੋਪ ਹੋ ਜਾਣਗੇ। ਥੱਸਲੁਨੀਕੇ ਵਿੱਚ ਮੌਜੂਦ ਵੱਖ-ਵੱਖ ਹਾਲਾਤ ਵੱਖ-ਵੱਖ ਜ਼ੋਰਾਂ ਨੂੰ ਪਰਗਟ ਕਰਦੇ ਹਨ, ਪਰ 1 ਥੱਸਲੁਨੀਕੀਆਂ ਵਿੱਚ *ਪਰਾਉਸੀਆ* ਦੇ ਚਿੱਤਰ ਦਾ ਕੋਈ ਵੇਰਵਾ ਨਹੀਂ ਹੈ ਜੋ ਕਿ ਉਸ ਦਾ ਖੰਡਨ ਕਰੇ ਜੋ ਇਸ ਦੇ ਬਾਰੇ 2 ਥੱਸਲੁਨੀਕੀਆਂ ਵਿੱਚ ਕਿਹਾ ਗਿਆ ਹੈ।

2. *ਕਿਹਾ ਜਾਂਦਾ ਹੈ ਕਿ ਆਖ਼ਰੀ ਨਿਆਂ ਬਾਰੇ ਇਸ ਦਾ ਵਿਚਾਰ ਪੌਲੁਸ ਦੀਆਂ ਹੋਰ ਲਿਖਤਾਂ ਵਿੱਚ ਇਸ ਵਿਚਾਰ ਨਾਲੋਂ ਵੱਖਰਾ ਹੈ।* ਜਿਹੜੇ ਇਸ ਦੇ ਮੁਸ਼ਕਲ ਹੋਣ ਦੀ ਪੁਸ਼ਟੀ ਕਰਦੇ ਹਨ ਅਧਿਆਇ ਵਿੱਚ ਇਸ ਦੇ ਲੇਖਾਂ ਦੇ ਉਲਟ ਹੋਣ ਤੇ ਟਿੱਪਣੀ ਕਰਦੇ ਹਨ ਜਿਸ ਦੇ ਵਿੱਚ ਦੁਖ ਦੇਣ ਵਾਲਿਆਂ ਨੂੰ ਦੁਖ ਦਿੱਤਾ ਗਿਆ ਅਤੇ ਦੁਖ ਪਾਉਣ ਵਾਲਿਆਂ ਨੂੰ ਸੁਖ ਮਿਲਿਆ (ਰਸੂਲਾਂ ਦੇ ਕਰਤੱਬ 1:5–10)। ਆਲੋਚਨਾ ਕਰਨ ਵਾਲੇ ਕਹਿੰਦੇ ਹਨ ਕਿ ਇਸ ਪ੍ਰਕਾਰ ਦੀ ਸਿੱਖਿਆ ਅੱਗੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੀ। ਇਹੋ ਜਿਹੀਆਂ ਦਲੀਲਾਂ ਦਾ ਮੰਨਣਾ ਹੈ ਕਿ ਪੌਲੁਸ (ਪਵਿੱਤਰ ਆਤਮਾ ਦੀ ਅਗਵਾਈ ਨਾਲ) ਆਖ਼ਰੀ ਗੱਲਾਂ ਸੰਬੰਧੀ ਆਪਣੇ ਪਿਛਲੇ ਪਰਕਾਸ਼ਾਂ ਨਾਲ ਹੋਰ ਵਿਸਤਾਰਾਂ ਨੂੰ ਨਹੀਂ ਜੋੜ ਸਕਦਾ। ਇਹ ਅਖੌਤੀ "ਹੋਰ ਵਿਸਤਾਰ" ਜੋ ਸ਼ਾਮਲ ਕੀਤੇ ਗਏ ਹਨ ਉਸ ਦਾ ਖੰਡਨ ਨਹੀਂ ਕਰਦੇ ਜੋ ਪੌਲੁਸ ਪਹਿਲਾਂ ਹੀ ਪਰਗਟ ਕਰ ਚੁੱਕਾ ਸੀ; ਉਹ ਬਸ ਉਨ੍ਹਾਂ ਨੂੰ ਸ਼ਾਮਲ ਕਰਦੇ ਹਨ ਅਤੇ ਪੂਰੀ ਤਸਵੀਰ ਪੇਸ਼ ਕਰਨ ਵਿੱਚ ਮਦਦ ਕਰਦੇ ਹਨ।

ਜਦੋਂ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੇ ਹੋਰ ਵੀ ਜ਼ਿਆਦਾ ਘੋਰ ਸਤਾਓ ਝੱਲਿਆ (2 ਥੱਸਲੁਨੀਕੀਆਂ ਵਿੱਚ ਇਹ ਸਪੱਸ਼ਟ ਹੈ), ਉਨ੍ਹਾਂ ਨੂੰ ਇਹ ਭਰੋਸਾ ਦੇਣ ਦੀ ਬਹੁਤ ਜ਼ਿਆਦਾ ਲੋੜ ਸੀ ਕਿ ਇੱਕ ਦਿਨ ਉਨ੍ਹਾਂ ਨੂੰ "ਸੁਖ" ਮਿਲੇਗਾ। ਇਸ ਗੱਲ ਦੇ ਕਈ ਸਬੂਤ ਹਨ (ਜੋ ਕਿ ਉੱਪਰ ਦਿੱਤੇ ਗਏ ਹਨ) ਕਿ ਇਹ ਉਹ ਪੱਤ੍ਰੀ ਹੈ ਜੋ ਪਹਿਲੀ ਸਦੀ ਦੇ ਅੱਧ ਵਿਚਾਲੇ ਲਿਖੀ ਗਈ ਸੀ ਅਤੇ ਇਸ ਵਿੱਚ ਉਹ ਭਾਗ ਹੈ ਜਿਸ ਵਿੱਚ ਦੁਖ ਦੇਣ ਵਾਲਿਆਂ ਨੂੰ ਸਜ਼ਾ ਦਿੱਤੀ ਗਈ ਅਤੇ ਜਿਨ੍ਹਾਂ ਨੇ ਦੁਖ ਝੱਲਿਆ ਉਨ੍ਹਾਂ ਨੂੰ ਸੁਖ ਮਿਲਿਆ ਹੈ। ਅਜਿਹੀ ਸਿੱਖਿਆ ਨੂੰ ਬਾਅਦ ਦੀਆਂ ਪੀੜ੍ਹੀਆਂ ਤੱਕ ਸੀਮਤ ਕਰਨ ਦਾ ਕੋਈ ਕਾਰਣ ਨਹੀਂ ਹੈ।

ਇਹੋ ਜਿਹੀ ਸਿੱਖਿਆ ਪਵਿੱਤਰ ਵਚਨ ਵਿੱਚ ਹੋਰ ਕਿਤੇ ਵੀ ਪਾਈ ਜਾਂਦੀ ਹੈ। ਇਹ ਸਿੱਖਿਆ ਇਸ ਪੱਤ੍ਰੀ ਦੇ ਲਿਖੇ ਜਾਣ ਤੋਂ ਕਈ ਦਹਾਕੇ ਪਹਿਲਾਂ ਯਿਸੂ ਦੇ ਮੁੱਖ ਵਿੱਚੋਂ ਨਿਕਲੀ ਸੀ (ਲੂਕਾ 16:25; ਮੱਤੀ 25:31–46)। ਯਸਾਯਾਹ ਨੇ ਮਸੀਹ ਤੋਂ ਸੱਤ ਸੌ ਸਾਲ ਪਹਿਲਾਂ ਇਹ ਸਿਖਾਇਆ ਸੀ (ਯਸਾਯਾਹ 66:15–24)। ਸਗੋਂ ਪੌਲੁਸ ਨੇ ਵੀ ਰੋਮੀਆਂ 2:5–10 ਇਹੋ ਗੱਲ ਸਿਖਾਈ ਸੀ। ਇਸ ਲਈ ਇਹ ਦਲੀਲ ਨਾ ਮੰਨਣਯੋਗ ਹੈ।

3. *ਮਸੀਹ ਬਾਰੇ ਇਸ ਦਾ ਵਿਚਾਰ ਜਿਸ ਦੇ ਵਿੱਚ ਉਸ ਨੂੰ ਰੱਬੀ ਗੁਣ ਅਤੇ ਕੰਮ ਸੌਂਪੇ ਗਏ ਹਨ ਉਹ ਵਿਚਾਰ ਹੈ ਜੋ ਪੌਲੁਸ ਦੇ ਸਮੇਂ ਤੋਂ ਬਾਅਦ ਵਿਕਸਤ ਕੀਤਾ ਗਿਆ।* ਅਜਿਹੇ ਇਤਰਾਜ਼ 2 ਥੱਸਲੁਨੀਕੀਆਂ 2:16 ਵਰਗੇ ਬੰਦਾਂ ਤੇ ਅਧਾਰਿਤ ਹਨ ਜੋ ਕਹਿੰਦਾ ਹੈ ਕਿ "ਸਾਡਾ ਪ੍ਰਭੂ ਯਿਸੂ ਮਸੀਹ ਆਪ ਅਤੇ ਸਾਡਾ ਪਿਤਾ ਪਰਮੇਸ਼ੁਰ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਸਾਨੂੰ ਸਦੀਪਕਾਲ ਦੀ ਤਸੱਲੀ ਦਿੱਤੀ।" ਅਜਿਹੇ ਇਤਰਾਜ਼ਾਂ ਤੋਂ ਸਮੱਸਿਆ ਇਹ ਖੜੀ ਹੁੰਦੀ ਹੈ ਕਿ ਇੱਥੇ ਮਸੀਹ ਸਿਰਫ ਇਲਾਹੀ ਨਹੀਂ ਹੈ, ਪਰ ਉਸ ਦਾ ਨਾਂਅ ਵੀ ਪਿਤਾ ਤੋਂ ਪਹਿਲਾਂ ਆਇਆ ਹੈ ਜੋ ਕਿ 1 ਥੱਸਲੁਨੀਕੀਆਂ 3:11 ਵਿੱਚ ਦੋਹਾਂ ਦੇ ਇੱਕੋ ਜਿਹੇ ਸੰਬੰਧ ਦੇ ਉਲਟ ਹੈ, ਜਿੱਥੇ ਪਿਤਾ ਦਾ ਨਾਂਅ ਪਹਿਲਾਂ ਆਉਂਦਾ ਹੈ। "ਯਿਸੂ ਦੀ ਇਸ ਪ੍ਰਕਾਰ ਦੀ ਮਹਿਮਾ" ਇਤਰਾਜ਼ ਕਹਿੰਦਾ ਹੈ ਕਿ "ਪੌਲੁਸ ਤੋਂ ਬਾਅਦ ਦਾ ਘਟਨਾਕ੍ਰਮ ਹੈ।" ਫਿਰ ਵੀ, 1 ਥੱਸਲੁਨੀਕੀਆਂ ਦੀ ਪੱਤ੍ਰੀ ਮਸੀਹ ਨੂੰ ਇਲਾਹੀ ਵਜੋਂ ਵੀ ਪੇਸ਼ ਕਰਦੀ ਹੈ (1:1; 2:14; 3:11, 12; 5:28)। ਇੱਕ ਵਾਰ ਜਦੋਂ ਦੋਹਾਂ ਨੂੰ ਇਲਾਹੀ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ, ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਸ ਦਾ ਨਾਂਅ ਪਹਿਲਾਂ ਆਉਂਦਾ ਹੈ। 2:16, 17 ਦੇ ਸੰਦਰਭ ਵਿੱਚ, ਜਿੱਥੇ ਪੌਲੁਸ ਪ੍ਰਾਰਥਨਾ ਕਰ ਰਿਹਾ ਹੈ ਕਿ ਉਨ੍ਹਾਂ ਦੇ ਮਨਾਂ ਨੂੰ ਸ਼ਾਂਤੀ ਮਿਲੇ ਅਤੇ ਉਹ ਦ੍ਰਿੜ੍ਹ ਹੋਣ, ਯਿਸੂ ਨੂੰ ਪਹਿਲਾਂ ਸੰਬੋਧਿਤ ਕਰਨਾ ਉੱਚਿਤ ਹੈ ਕਿਉਂਕਿ ਉਹ "ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਵਿਚੋਲਾ ਵੀ" ਹੈ (1 ਤਿਮੋਥਿਉਸ 2:5)। ਇਸ ਲਈ, ਜਿਵੇਂ ਥੋਮਸ ਨੇ ਕਿਹਾ ਹੈ, "ਅੰਦਰੂਨੀ ਵਿਚਾਰਾਂ ਤੇ ਅਧਾਰਿਤ ਇਨ੍ਹਾਂ ਵਿੱਚੋਂ ਕੋਈ ਵੀ ਦਲੀਲ ਪੱਤ੍ਰੀ ਦੇ ਨਿੱਜੀ ਦਾਅਵਿਆਂ ਨੂੰ ਨਸ਼ਟ ਕਰਨ ਅਤੇ ਪੌਲੁਸ ਦੇ ਲੇਖਕ ਹੋਣ ਦੇ ਪਰੰਪਰਾਗਤ ਵਿਚਾਰ ਦੀ ਜ਼ੋਰਦਾਰ ਢੰਗ ਨਾਲ ਪੁਸ਼ਟੀ ਕਰਨ ਦੇ ਲਈ ਕਾਫੀ ਨਹੀਂ ਹਨ।"[3]

## ਮੌਕਾ, ਮਿਤੀ ਅਤੇ ਲਿਖਣ ਦਾ ਸਥਾਨ

ਜਿਵੇਂ ਕਿ 1 ਥੱਸਲੁਨੀਕੀਆਂ ਦੀ ਜਾਣ-ਪਛਾਣ ਵਿੱਚ ਟਿੱਪਣੀ ਕੀਤੀ ਗਈ ਹੈ, ਪੌਲੁਸ ਨੇ 50 ਈਸਵੀ ਦੇ ਅੰਤ ਜਾਂ 51 ਈਸਵੀ ਦੀ ਸ਼ੁਰੂਆਤ ਵਿੱਚ ਥੱਸਲੁਨੀਕੇ ਵਿੱਚ ਕਲੀਸੀਆ ਦੀ ਸਥਾਪਨਾ ਕੀਤੀ ਸੀ। ਉਸ ਨੇ 1 ਥੱਸਲੁਨੀਕੀਆਂ ਦੀ ਪੱਤ੍ਰੀ 51 ਈਸਵੀ ਦੇ ਅੰਤ ਵਿੱਚ ਕੁਰਿੰਥੁਸ ਤੋਂ ਲਿਖੀ ਸੀ। ਸ਼ਾਇਦ ਉਹ ਲਗਭਗ ਦੋ ਸਾਲ ਤੱਕ ਉੱਥੇ ਠਹਿਰਿਆ ਸੀ (ਰਸੂਲਾਂ ਦੇ ਕਰਤੱਬ 18:11) ਅਤੇ ਜਦੋਂ ਉਹ ਉੱਥੇ ਸੀ, ਤਿਮੋਥਿਉਸ ਅਤੇ ਸੀਲਾਸ ਉਸ ਦੇ ਨਾਲ ਸਨ। ਫਿਰ ਤਿਮੋਥਿਉਸ ਪੌਲੁਸ ਨਾਲ ਅਫ਼ਸੁਸ ਨੂੰ ਚਲਾ ਗਿਆ, ਪਰ ਸੀਲਾਸ ਕੁਰਿੰਥੁਸ ਅਤੇ ਅਫ਼ਸੁਸ ਵਿਚਕਾਰ ਜੋ ਤਸਵੀਰ ਹੈ ਉਸ ਵਿੱਚੋਂ ਬਾਹਰ ਨਿੱਕਲ ਗਿਆ। ਸਾਡੇ ਕੋਲ ਇਸ ਗੱਲ ਦਾ ਕੋਈ ਲਿਖਤੀ ਪ੍ਰਮਾਣ ਨਹੀਂ ਹੈ ਕਿ ਉਹ ਤਿੰਨੇ ਫੇਰ ਕਦੇ ਇਕੱਠੇ ਹੋਏ ਸਨ ਜਾਂ ਨਹੀਂ। ਜਦੋਂ 2 ਥੱਸਲੁਨੀਕੀਆਂ ਦੀ ਪੱਤ੍ਰੀ ਲਿਖੀ ਗਈ, ਉਹ ਇਕੱਠੇ ਸਨ ਅਤੇ ਇਸ ਨਾਲ ਇਹ ਸੰਭਾਵਨਾ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ ਕਿ ਇਹ ਕੁਰਿੰਥੁਸ ਤੋਂ ਲਿਖੀ ਗਈ ਸੀ।

ਪਹਿਲੀ ਪੱਤ੍ਰੀ ਤਿਮੋਥਿਉਸ ਦੇ ਥੱਸਲੁਨੀਕੇ ਤੋਂ ਆਉਣ ਤੋਂ ਤੁਰੰਤ ਬਾਅਦ ਕੁਰਿੰਥੁਸ ਤੋਂ ਲਿਖੀ ਗਈ ਸੀ (1 ਥੱਸਲੁਨੀਕੀਆਂ 3:1–8)। ਪਰਤੱਖ ਰੂਪ ਵਿੱਚ, ਪਹਿਲੀ ਪੱਤ੍ਰੀ ਲਿਖਣ ਤੋਂ ਥੋੜ੍ਹੀ ਦੇਰ ਬਾਅਦ, ਪੌਲੁਸ ਨੇ ਮੰਡਲੀ ਦੀਆਂ ਸਮੱਸਿਆਵਾਂ ਬਾਰੇ "ਸੁਣਨਾ" ਸ਼ੁਰੂ ਕੀਤਾ (2 ਥੱਸਲੁਨੀਕੀਆਂ 3:11), ਇਸ ਲਈ ਉਸ ਨੇ ਦੂਜੀ ਵਾਰ ਲਿਖਿਆ। ਦੂਜੀ ਪੱਤ੍ਰੀ ਵਿੱਚ ਜਿਨ੍ਹਾਂ ਸਮੱਸਿਆਵਾਂ ਨੂੰ ਸੰਬੋਧਿਤ ਕੀਤਾ ਗਿਆ ਹੈ ਥੋੜ੍ਹੀਆਂ ਜਿਹੀਆਂ ਵੱਖਰੀਆਂ ਹਨ ਪਰ ਫਿਰ ਵੀ ਦੂਜੀ ਆਮਦ ਨਾਲ ਸੰਬੰਧਿਤ ਹਨ, ਜੋ ਇਸ ਸਿੱਟੇ ਦਾ ਸਮਰਥਨ ਕਰਦੀਆਂ ਹਨ ਕਿ ਇਹ

ਪੱਤ੍ਰੀ ਪਹਿਲੀ ਪੱਤ੍ਰੀ ਤੋਂ ਥੋੜ੍ਹੀ ਦੇਰ ਬਾਅਦ ਲਿਖੀ ਗਈ ਸੀ। ਇਸ ਲਈ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਇਹ ਪੱਤ੍ਰੀ 52 ਈਸਵੀ ਵਿੱਚ ਲਿਖੀ ਗਈ ਸੀ, ਛੇ ਮਹੀਨੇ ਤੋਂ ਵੀ ਘੱਟ ਸਮੇਂ ਦੇ ਬਾਅਦ ਜਾਂ ਪਹਿਲੀ ਪੱਤ੍ਰੀ ਤੋਂ ਬਾਅਦ।

ਅਸੀਂ ਨਹੀਂ ਜਾਣਦੇ ਕਿ ਪੌਲੁਸ ਨੇ ਮੰਡਲੀ ਵਿੱਚ ਚੱਲ ਰਹੀਆਂ ਸਮੱਸਿਆਵਾਂ ਦੇ ਬਾਰੇ ਕਿਵੇਂ ਸੁਣਿਆ (3:11)। ਸ਼ਾਇਦ ਉਸ ਨੇ ਇਸ ਦੇ ਬਾਰੇ ਕੁਰਿੰਥੁਸ ਵਿੱਚੋਂ ਜੋ ਕਿ ਇੱਕ ਵੱਡਾ ਵਪਾਰਕ ਕੇਂਦਰ ਸੀ, ਲੰਘ ਰਹੇ ਕਿਸੇ ਥੱਸਲੁਨੀਕੀ ਮੁਸਾਫ਼ਰ ਕੋਲੋਂ ਸੁਣਿਆ ਸੀ।

## ਉਦੇਸ਼ ਅਤੇ ਵਿਸ਼ੇ

ਪਹਿਲੀ ਪੱਤ੍ਰੀ ਵਿੱਚ ਪੌਲੁਸ ਦੁਆਰਾ ਉਸ ਦੀ ਆਪਣੀ ਇਮਾਨਦਾਰੀ ਦੇ ਬਚਾਅ ਕਰਨ ਨੂੰ ਪ੍ਰਵਾਨ ਕੀਤਾ ਗਿਆ (1 ਥੱਸਲੁਨੀਕੀਆਂ 2:1–4)। ਦਰਅਸਲ, ਉਹ ਦੂਜੀ ਪੱਤ੍ਰੀ ਵਿੱਚ ਕਿਸੇ ਗੱਲ ਨੂੰ ਨਹੀਂ ਦੁਹਰਾਉਂਦਾ। ਜ਼ਿਆਦਾਤਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਨਿਹਚਾ ਵਿੱਚ ਬਣਿਆ ਰਿਹਾ ਜਿਵੇਂ ਉਸ ਨੇ ਉਨ੍ਹਾਂ ਨੂੰ ਨਿਹਚਾ ਵਿੱਚ ਬਣੇ ਰਹਿਣ ਦੀ ਚਿਤਾਵਨੀ ਦਿੱਤੀ ਸੀ (1 ਥੱਸਲੁਨੀਕੀਆਂ 5:1–11)।

ਉਹ ਮਸੀਹ ਦੀ ਦੂਜੀ ਆਮਦ ਬਾਰੇ ਥੱਸਲੁਨੀਕੀਆਂ ਦੀਆਂ ਗਲਤਫਹਿਮੀਆਂ ਨੂੰ ਦੂਰ ਕਰਨ ਵਿੱਚ ਘੱਟ ਸਫ਼ਲ ਰਿਹਾ ਸੀ। ਜਦ ਕਿ ਉਸ ਨੇ ਕੁਝ ਗੱਲਾਂ ਨੂੰ ਸਪੱਸ਼ਟ ਕੀਤਾ, ਪਰਤੱਖ ਰੂਪ ਵਿੱਚ ਉਹ ਪਹਿਲੀ ਪੱਤ੍ਰੀ ਦੇ ਭਾਗ ਨੂੰ ਗਲਤ ਸਮਝ ਬੈਠੇ। ਝੂਠੀ ਸਿੱਖਿਆ ਦੇਣ ਵਾਲੇ ਪੌਲੁਸ ਦੀਆਂ ਆਪਣੀਆਂ ਗੱਲਾਂ ਦੀ ਦੁਰਵਰਤੋਂ ਕਰ ਰਹੇ ਸਨ। ਸਪੱਸ਼ਟ ਤੌਰ ਤੇ ਕੁਝ ਲੋਕ ਇਹ ਸਿੱਖਿਆ ਦੇ ਰਹੇ ਸਨ ਕਿ ਪ੍ਰਭੂ ਦਾ ਦਿਨ ਪਹਿਲਾਂ ਤੋਂ ਹੀ ਆ ਚੁੱਕਾ ਸੀ (2 ਥੱਸਲੁਨੀਕੀਆਂ 2:1–3) ਅਤੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਪੌਲੁਸ ਨੇ ਇਸੇ ਉਦੇਸ਼ ਨਾਲ ਲਿਖਿਆ ਸੀ। ਇਸ ਲਈ, ਪੌਲੁਸ ਨੇ ਇੱਕ ਵਾਰ ਫੇਰ ਆਪਣੀਆਂ ਸਿੱਖਿਆਵਾਂ ਨੂੰ ਸਮਝਾਉਣ ਦੇ ਲਈ ਇੱਕ ਪੱਤ੍ਰੀ ਲਿਖੀ। ਇਸ ਪੱਤ੍ਰੀ ਦੇ ਉਦੇਸ਼ ਹਨ . . .

ਦੂਜੀ ਆਮਦ ਦੇ ਪਹਿਲੂਆਂ ਨੂੰ ਸਪੱਸ਼ਟ ਕਰਨਾ। ਪੌਲੁਸ ਦੀ ਇੱਕ ਜਾਹਲੀ ਪੱਤ੍ਰੀ ਨੇ ਮੁੱਦੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਸੀ (ਵੇਖੋ 2:2)।

ਉਨ੍ਹਾਂ ਨੂੰ ਇਹ ਦੱਸਣਾ ਕਿ ਉਨ੍ਹਾਂ ਨਾਲ ਕਿਵੇਂ ਦਾ ਵਿਹਾਰ ਕਰਨਾ ਹੈ ਜਿਨ੍ਹਾਂ ਨੇ ਕੰਮ ਤੇ ਵਾਪਸ ਪਰਤਣ ਦੇ ਉਸ ਦੇ ਨਿਰਦੇਸ਼ਾਂ ਦਾ ਪਾਲਣ ਨਹੀਂ ਕੀਤਾ। ਸਥਿਤੀ 1 ਥੱਸਲੁਨੀਕੀਆਂ ਦੇ ਲਿਖੇ ਜਾਣ ਤੋਂ ਹੀ ਬਹੁਤ ਜ਼ਿਆਦਾ ਵਿਗੜ ਚੁੱਕੀ ਸੀ।

ਵਿਸ਼ਵਾਸੀਆਂ ਨੂੰ ਹੋਰ ਜ਼ਿਆਦਾ ਉਤਸ਼ਾਹਿਤ ਕਰਨ ਦੇ ਲਈ ਕਿਉਂਕਿ ਸਤਾਓ ਪਹਿਲਾਂ ਨਾਲੋਂ ਹੋਰ ਵੀ ਜ਼ਿਆਦਾ ਭਾਰੀ ਹੋ ਗਿਆ ਸੀ।

ਇਸ ਪੱਤ੍ਰੀ ਦੇ ਮੁੱਖ ਵਿਸ਼ੇ ਉਨ੍ਹਾਂ ਵਿਸ਼ਿਆਂ ਨਾਲ ਮਿਲਦੇ-ਜੁਲਦੇ ਹਨ ਜੋ ਪਹਿਲੀ ਪੱਤ੍ਰੀ ਵਿੱਚ ਸੂਚੀਬੱਧ ਕੀਤੇ ਗਏ ਹਨ: ਤਿੰਨ ਵਿਅਕਤੀਆਂ ਵਿੱਚ ਇੱਕੋ ਸੱਚਾ ਜ਼ਿੰਦਾ ਪਰਮੇਸ਼ੁਰ (1:1, 2; 2:13, 14), ਮਸੀਹ ਦੀ ਪਰਮੇਸ਼ੁਰਤਾਈ (2:16, 17), ਪਵਿੱਤਰ ਵਚਨਾਂ ਦੀ ਪ੍ਰੇਰਣਾ (3:6, 15), ਮੁਕਤੀ ਦੀ ਜੜ੍ਹ ਸਲੀਬ ਵਿੱਚ ਹੈ (2:13, 14), ਮਸੀਹੀ ਕੰਮ ਦੇ ਸਦਾਚਾਰ (3:6–15) ਅਤੇ ਪ੍ਰਾਰਥਨਾ ਦਾ ਮਹੱਤਵ (1:11; 2:16, 17; 3:5, 16)।

# ਰੂਪਰੇਖਾ[4]

**I. ਪ੍ਰੇਰਣਾ (ਅਧਿਆਇ 1)**

A. ਸਲਾਮ (1:1, 2)

B. ਥੱਸਲੁਨੀਕੀਆਂ ਦੇ ਧੀਰਜ ਲਈ ਧੰਨਵਾਦ (1:3, 4)

C. ਪਰਮੇਸ਼ੁਰ ਦਾ ਜਥਾਰਥ ਨਿਆਂ ਅਤੇ ਮਸੀਹ ਦੀ ਦੂਜੀ ਆਮਦ (1:5-10)

D. ਬੇਨਤੀ (1:11, 12)

**II. ਸਿੱਖਿਆਵਾਂ (ਅਧਿਆਇ 2)**

A. ਮਸੀਹ ਦੀ ਦੂਜੀ ਆਮਦ (2:1–12)

1) ਮਸੀਹ ਦੀ ਦੂਜੀ ਆਮਦ ਹਾਲੇ ਤੱਕ ਨਹੀਂ ਆਈ (2:1, 2)

2) ਮਸੀਹ ਦੀ ਆਮਦ ਤੋਂ ਪਹਿਲਾਂ ਹੋਣ ਵਾਲੀਆਂ ਘਟਨਾਵਾਂ (2:3–12)

B. ਧੰਨਵਾਦ ਦੇਣਾ ਅਤੇ ਚਿਤਾਵਨੀ (2:13–15)

C. ਥੱਸਲੁਨੀਕੀਆਂ ਦੇ ਲਈ ਪ੍ਰਾਰਥਨਾ (2:16, 17)

**III. ਚਿਤਾਵਨੀ (ਅਧਿਆਇ 3)**

A. ਪੌਲੁਸ ਅਤੇ ਉਸ ਦੇ ਸਹਿਕਰਮੀਆਂ ਲਈ ਪ੍ਰਾਰਥਨਾ ਕਰਨ ਦੀ ਬੇਨਤੀ (3:1, 2)

B. ਪ੍ਰਭੂ ਵਿੱਚ ਅਤੇ ਥੱਸਲੁਨੀਕੀਆਂ ਵਿੱਚ ਭਰੋਸੇ ਦਾ ਕਥਨ (3:3–5)

C. ਬੇਤਰਤੀਬੇ ਮੈਂਬਰਾਂ ਦੇ ਵਿਹਾਰ ਸੰਬੰਧੀ ਹੁਕਮ (3:6–15)

D. ਸਿੱਟਾ (3:16–18)

# ਪ੍ਰਾਸੰਗਿਕਤਾ

## ਸਿੱਖਿਆ ਦੇਣ ਵਾਲਿਓ, ਸਿੱਖਿਆ ਦਿੰਦੇ ਰਹੋ!

ਪੌਲੁਸ ਨੇ ਸ਼ਾਇਦ ਆਸ ਕੀਤੀ ਹੋਵੇਗੀ ਕਿ ਪਰਮੇਸ਼ੁਰ ਦੁਆਰਾ ਪ੍ਰੇਰਿਤ 1 ਥੱਸਲੁਨੀਕੀਆਂ ਦੇ ਸੰਦੇਸ਼ ਨੇ ਥੱਸਲੁਨੀਕੇ ਦੇ ਮਸੀਹੀ ਲੋਕਾਂ ਦੀਆਂ ਸਮੱਸਿਆਵਾਂ ਅਤੇ ਪਰਤਾਵਿਆਂ ਨੂੰ ਹੱਲ ਕਰ ਦਿੱਤਾ ਹੋਵੇਗਾ। ਪਰ ਇਸ ਤਰ੍ਹਾਂ ਨਹੀਂ ਹੋਇਆ। ਸਪੱਸ਼ਟ ਤੌਰ ਤੇ, ਕੁਝ ਮਹੀਨਿਆਂ ਬਾਅਦ ਪਹਿਲੀਆਂ ਸਮੱਸਿਆਵਾਂ ਹਾਲੇ ਵੀ ਮੌਜੂਦ ਸਨ ਅਤੇ ਕੁਝ ਨਵੀਆਂ ਸਮੱਸਿਆਵਾਂ ਵੀ ਖੜੀਆਂ ਹੋ ਗਈਆਂ!

ਉਨ੍ਹਾਂ ਨੂੰ ਸਿੱਖਿਆ ਦੇਣ ਵਾਲਿਆਂ ਨੇ ਕੀ ਕੀਤਾ? ਕੀ ਉਨ੍ਹਾਂ ਨੇ ਇਹੋ ਜਿਹੇ ਅਪਰਿਪੱਕ ਭਰਾਵਾਂ ਤੋਂ "ਆਪਣੇ ਹੱਥ ਧੋ ਲਏ"? ਕੀ ਉਨ੍ਹਾਂ ਨੇ ਇਨ੍ਹਾਂ ਨੌਜਵਾਨ ਭਰਾਵਾਂ ਨੂੰ ਫਿਟਕਾਰਿਆ ਕਿਉਂਕਿ ਉਨ੍ਹਾਂ ਵਿੱਚੋਂ ਕੁਝ ਗਲਤੀ ਕਰ ਰਹੇ ਸਨ ਜਾਂ ਕਿਉਂਕਿ ਉਨ੍ਹਾਂ ਵਿੱਚੋਂ ਕੁਝ ਭਾਰੀ ਸਤਾਓ ਦੇ ਕਾਰਨ ਹੌਂਸਲਾ ਛੱਡ ਰਹੇ ਸਨ? ਕੀ ਉਨ੍ਹਾਂ ਨੇ ਉਨ੍ਹਾਂ ਨੂੰ ਚਿੰਤਾ ਨਾ ਕਰਨ ਪਰ ਸਿਰਫ ਆਪਣੀ ਅਪਰਿਪੱਕ ਅਵਸਥਾ ਵਿੱਚ ਬਣੇ ਰਹਿਣ ਦੇ ਲਈ ਆਖਿਆ?

ਨਹੀਂ! ਉਨ੍ਹਾਂ ਨੇ ਇਨ੍ਹਾਂ ਵਿੱਚੋਂ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਨੇ ਉਨ੍ਹਾਂ ਨੂੰ ਸਲਾਹ ਦੇਣ,

ਸਮਝਾਉਣ, ਚਿਤਾਵਨੀ ਅਤੇ ਪ੍ਰੇਰਣਾ ਦੇਣ ਦੇ ਲਈ ਜੱਦੋ-ਜਹਿਦ ਕਰ ਰਹੇ ਇਨ੍ਹਾਂ ਭਰਾਵਾਂ ਨੂੰ ਇੱਕ ਹੋਰ ਪੱਤ੍ਰੀ ਭੇਜੀ। ਉਨ੍ਹਾਂ ਦਾ ਮੰਨਣਾ ਸੀ ਕਿ ਇਨ੍ਹਾਂ ਨੌਜਵਾਨ ਮਸੀਹੀ ਲੋਕਾਂ ਨੂੰ ਸਿਖਾਇਆ ਜਾ ਸਕਦਾ ਹੈ ਅਤੇ ਪੌਲੁਸ, ਸੀਲਾਸ ਅਤੇ ਤਿਮੋਥਿਉਸ ਉਨ੍ਹਾਂ ਨੂੰ ਸਿਖਾਉਣਾ ਚਾਹੁੰਦੇ ਸਨ। ਇਹ ਪਾਠ ਸਾਡੇ ਲਈ ਸਿੱਖਿਆ ਦੇਣ ਵਿੱਚ, ਉਤਸ਼ਾਹਿਤ ਕਰਨ ਵਿੱਚ ਅਤੇ ਦੂਜਿਆਂ ਨਾਲ ਗੱਲਬਾਤ ਕਰਨ ਵਿੱਚ ਧੀਰਜ ਰੱਖਣ ਲਈ ਇੱਕ ਸਬਕ ਹੈ, ਸਗੋਂ ਤਦ ਵੀ ਜਦੋਂ ਉਨ੍ਹਾਂ ਦੇ ਜੀਵਨਾਂ ਵਿੱਚ ਮੁਸ਼ਕਲਾਂ ਜਾਂ ਨਵੀਆਂ ਸਮੱਸਿਆਵਾਂ ਚੱਲ ਰਹੀਆਂ ਹੁੰਦੀਆਂ ਹਨ। ਅਸੀਂ ਉਨ੍ਹਾਂ ਦੀ ਕਿਵੇਂ ਮਦਦ ਕਰਨੀ ਹੈ ਜਿਹੜੇ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ?

*ਪਰਮੇਸ਼ੁਰ ਦੇ ਵਚਨ ਦੀ ਵਿਆਖਿਆ ਕਰਨ ਵਿੱਚ ਧੀਰਜਵਾਨ ਬਣੋ।* ਅਸੀਂ ਸੋਚਦੇ ਹਾਂ ਕਿ ਕਿਉਂਕਿ ਅਸੀਂ ਕੋਈ ਪਾਠ ਪੜ੍ਹਾਇਆਂ ਅਤੇ ਸਾਡੇ ਆਲੇ-ਦੁਆਲੇ ਹਰ ਕਿਸੇ ਨੇ ਇਸ ਨੂੰ ਮਸਝ ਲਿਆ ਹੈ, ਇਸ ਨੂੰ ਮੰਨ ਲਿਆ ਹੈ, ਇਸ ਨੂੰ ਯਾਦ ਕਰ ਲਿਆ ਅਤੇ ਇਸ ਤੇ ਅਮਲ ਕਰੇਗਾ। ਪਰ ਇਸ ਤਰ੍ਹਾਂ ਨਹੀਂ ਹੈ। ਜ਼ਿਆਦਾਤਰ ਲੋਕਾਂ ਦੇ ਲਈ ਸੱਚੇ ਅਤੇ ਸਥਾਈ ਬਦਲਾਅ ਕਰਨੇ ਮੁਸ਼ਕਲ ਹੁੰਦੇ ਹਨ। ਯੋਗਤਾ, ਇੱਛਾ, ਗਿਆਨ, ਬੁੱਧ, ਸਮਾਜਿਕ ਅਤੇ ਪਰਿਵਾਰਕ ਵਾਤਾਵਰਣ ਵਿੱਚ ਤਬਦੀਲੀਆਂ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਹੋਰ ਪਹਿਲੂ ਬਦਲਾਅ ਵਿੱਚ ਵਿਘਨ ਪਾ ਸਕਦੇ ਹਨ। ਨਿਰਦੇਸ਼ ਨੂੰ ਸੁਣਨ ਅਤੇ ਇਸ ਤੇ ਅਮਲ ਕਰਨ ਦੇ ਰਾਹ ਦੇ ਹਰ ਕਦਮ ਤੇ, ਆਗਿਆਕਾਰੀ ਦੀ ਪਰੀਕ੍ਰਿਆ ਕੁਰਾਹੇ ਪੈ ਸਕਦੀ ਹੈ।

ਨਤੀਜੇ ਵਜੋਂ, ਲੋਕਾਂ ਨੂੰ ਤਦ ਤੱਕ ਬੜੇ ਧੀਰਜ ਨਾਲ ਬਾਈਬਲ ਦੇ ਸਿਧਾਂਤਾਂ ਨੂੰ ਸਮਝਾਉਣ ਦੀ ਲੋੜ ਹੈ ਜਦੋਂ ਤੱਕ ਉਹ ਉਸ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ ਜੋ ਉਨ੍ਹਾਂ ਨੂੰ ਸਿਖਾਇਆ ਜਾ ਰਿਹਾ ਹੈ। ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣਾ ਜ਼ਰੂਰੀ ਹੈ ਅਤੇ ਕਿਸੇ ਵੀ ਵਿਸ਼ੇ ਤੇ ਉਨ੍ਹਾਂ ਦੇ ਗਲਤ ਵਿਚਾਰਾਂ ਨੂੰ ਸੁਧਾਰਨਾ ਜ਼ਰੂਰੀ ਹੈ। ਵਰਤੇ ਗਏ ਸ਼ਬਦ, ਜਿਸ ਤਰੀਕੇ ਨਾਲ ਉਹ ਸ਼ਬਦ ਕਹੇ ਗਏ ਹਨ, ਦਿੱਤੀਆਂ ਗਈਆਂ ਮਿਸਾਲਾਂ ਅਤੇ ਪੇਸ਼ ਕੀਤੇ ਗਏ ਉਦਾਹਰਣ ਪਰਮੇਸ਼ੁਰ ਦੀ ਇੱਛਾ ਨੂੰ ਸਮਝਣ ਲਈ ਕਿਸੇ ਵਿਅਕਤੀ ਦੀ ਯੋਗਤਾ ਨੂੰ ਵਧਾ ਸਕਦੀਆਂ ਜਾਂ ਉਸ ਵਿੱਚ ਰੁਕਾਵਟ ਬਣ ਸਕਦੀਆਂ ਹਨ।

ਇਹ ਇੰਨਾ ਕਿਉਂ ਮਹੱਤਵਪੂਰਣ ਹੈ? ਕਿਉਂਕਿ ਰੂਹਾਂ ਦੀ ਮੁਕਤੀ ਦਾਅ ਤੇ ਲੱਗੀ ਹੋਈ ਹੈ! ਤਿਮੋਥਿਉਸ ਨੂੰ ਕਿਹਾ ਗਿਆ ਸੀ ਕਿ "ਆਪਣੇ ਆਪ ਦੀ ਅਤੇ ਆਪਣੀ ਸਿੱਖਿਆ ਦੀ ਰਾਖੀ ਕਰ। ਇਨ੍ਹਾਂ ਗੱਲਾਂ ਉੱਤੇ ਪੱਕਿਆ ਰਹੁ ਕਿਉਂ ਜੋ ਤੂੰ ਇਹ ਕਰ ਕੇ ਨਾਲੇ ਆਪਣੇ ਆਪ ਨੂੰ ਨਾਲੇ ਆਪਣੇ ਸੁਣਨ ਵਾਲਿਆਂ ਨੂੰ ਬਚਾਵੇਂਗਾ" (1 ਤਿਮੋਥਿਉਸ 4:16)। ਉਸ ਨੂੰ ਲੋਕਾਂ ਦੇ ਲਈ ਉਨ੍ਹਾਂ ਦੀਆਂ ਰੂਹਾਂ ਦੀ ਮੁਕਤੀ ਵਾਸਤੇ ਮਦਦ ਕਰਨ ਵਿੱਚ ਪੂਰੀ ਤਰ੍ਹਾਂ ਸਾਵਧਾਨ ਅਤੇ ਸਥਿਰ ਰਹਿਣ ਦੀ ਲੋੜ ਸੀ।

*ਸਲਾਹ ਨੂੰ ਦੁਹਰਾਉਣ ਦੇ ਚਾਹਵੰਦ ਬਣਨਾ।* ਸਗੋਂ ਜਦੋਂ ਲੋਕ ਕਿਸੇ ਧਾਰਣਾ ਨੂੰ ਸਮਝ ਅਤੇ ਮੰਨ ਲੈਂਦੇ ਹਨ ਤਾਂ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਉਹ ਇਸ ਨੂੰ ਯਾਦ ਰੱਖਣਗੇ ਅਤੇ ਇਸ ਤੇ ਅਮਲ ਕਰਨਗੇ। ਸਗੋਂ ਜਦੋਂ ਕੋਈ ਵਿਅਕਤੀ ਸਿੱਖਿਆ ਨੂੰ ਸਮਝ ਲੈਂਦਾ ਅਤੇ ਇਸ ਨਾਲ ਸਹਿਮਤ ਹੁੰਦਾ ਹੈ, ਉਹ ਇਸ ਨੂੰ ਆਪਣੇ ਹਾਲਾਤ ਤੇ ਲਾਗੂ ਕਰਨਾ ਭੁੱਲ ਸਕਦਾ ਹੈ। ਸ਼ਾਇਦ ਸਾਨੂੰ ਉਹ ਦੁਹਰਾਉਣਾ ਪਵੇ ਜੋ ਅਸੀਂ ਕਹਿੰਦੇ ਹਾਂ, ਸ਼ਾਇਦ ਸਿੱਖਿਆ ਨੂੰ ਆਪਣਾ ਸਭ ਤੋਂ ਵੱਡਾ ਪ੍ਰਭਾਵ ਬਣਾਉਣ ਦੇ ਲਈ ਕੁਝ ਹਫ਼ਤਿਆਂ ਜਾਂ ਸਾਲਾਂ ਦਾ ਸਮਾਂ ਲੱਗ ਜਾਵੇ।

ਪਹਿਲੀ ਸਦੀ ਦੇ ਮਸੀਹੀ ਲੋਕਾਂ ਨੂੰ ਜਿਨ੍ਹਾਂ ਨੇ ਯਿਸੂ ਦੀਆਂ ਸਿੱਖਿਆਵਾਂ ਨੂੰ ਉਸ ਦੇ ਰਸੂਲਾਂ ਦੇ ਰਾਹੀਂ ਸੁਣਿਆ ਸੀ ਕਿਹਾ ਗਿਆ ਸੀ ਕਿ "ਪਰ ਤੁਸੀਂ ਹੇ ਪਿਆਰਿਓ, ਇਨ੍ਹਾਂ ਗੱਲਾਂ ਨੂੰ ਚੇਤੇ

ਰੱਖੋ ਜੋ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਸੂਲਾਂ ਨੇ ਅੱਗੋਂ ਆਖੀਆਂ" (ਯਹੂਦਾਹ 17); "ਭਈ ਤੁਸੀਂ ਉਨ੍ਹਾਂ ਗੱਲਾਂ ਨੂੰ ਜਿਹੜੀਆਂ ਪਵਿੱਤਰ ਨਬੀਆਂ ਤੋਂ ਅੱਗੋਂ ਆਖੀਆਂ ਗਈਆਂ ਨਾਲੇ ਪ੍ਰਭੂ ਅਤੇ ਮੁਕਤੀ ਦਾਤੇ ਦੀ ਆਗਿਆ ਨੂੰ ਜਿਹੜੀ ਤੁਹਾਡੇ ਰਸੂਲਾਂ ਦੇ ਰਾਹੀਂ ਕੀਤੀ ਗਈ ਚੇਤੇ ਰੱਖੋ" (2 ਪਤਰਸ 3:2)।

ਮਸੀਹੀ ਲੋਕ ਜਿਹੜੇ ਪਹਿਲਾਂ ਤੋਂ ਹੀ ਸਿੱਖਿਆ ਪ੍ਰਾਪਤ ਕਰ ਚੁੱਕੇ ਸਨ ਉਨ੍ਹਾਂ ਨੂੰ ਉਹ ਚੇਤੇ ਕਰਾਇਆ ਗਿਆ ਜੋ ਉਨ੍ਹਾਂ ਨੂੰ ਪਹਿਲਾਂ ਹੀ ਸਿਖਾਇਆ ਜਾ ਚੁੱਕਾ ਸੀ! ". . . ਓਹੋ ਗੱਲਾਂ ਤੁਹਾਨੂੰ ਮੁੜ ਮੁੜ ਲਿਖਣ ਤੋਂ ਮੈਂ ਤਾਂ ਨਹੀਂ ਅੱਕਦਾ ਅਤੇ ਇਹ ਤੁਹਾਡੇ ਲਈ ਬਚਾਓ ਦਾ ਕਾਰਨ ਹੈ" (ਫ਼ਿਲਿੱਪੀਆਂ 3:1); "ਪਰ ਮੈਂ ਇਹ ਜੋਗ ਸਮਝਦਾ ਹਾਂ . . . ਮੈਂ ਤੁਹਾਨੂੰ ਚੇਤੇ ਕਰਾ ਕਰਾ ਕੇ ਪਰੇਰਦਾ ਰਹਾਂ" (2 ਪਤਰਸ 1:13); "ਹੇ ਪਿਆਰਿਓ, ਹੁਣ ਇਹ ਦੂਜੀ ਪੱਤ੍ਰੀ ਮੈਂ ਤੁਹਾਨੂੰ ਲਿਖਦਾ ਹਾਂ ਅਤੇ ਦੋਹਾਂ ਵਿੱਚ ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ ਪਰੇਰਦਾ ਹਾਂ" (2 ਪਤਰਸ 3:1)।

ਕੀ ਥੱਸਲੁਨੀਕੀਆਂ ਨੂੰ ਮਸੀਹ ਦੀ ਦੂਜੀ ਆਮ ਬਾਰੇ *ਫੇਰ* ਚੇਤੇ ਕਰਾਉਣ ਦੀ ਲੋੜ ਸੀ? ਕੀ ਉਨ੍ਹਾਂ ਨੂੰ ਚਾਹਵੰਦ ਕਾਮੇ ਬਣਨ ਦੇ ਲਈ *ਫੇਰ* ਉਤਸ਼ਾਹਿਤ ਕਰਨ ਦੀ ਲੋੜ ਸੀ? ਕੀ ਉਨ੍ਹਾਂ ਨੂੰ ਸਤਾਓ ਵਿੱਚ ਧੀਰਜ ਰੱਖਣ ਦੇ ਲਈ *ਹੋਰ ਜ਼ਿਆਦਾ* ਉਤਸ਼ਾਹ ਦੀ ਲੋੜ ਸੀ? ਹਰ ਹਾਲਾਤ ਵਿੱਚ ਜਵਾਬ ਹਾਂ ਹੀ ਹੈ ਅਤੇ ਇਸ ਲਈ ਇਸ ਦੂਜੀ ਪੱਤ੍ਰੀ ਵਿੱਚ ਪਰਮੇਸ਼ੁਰ ਦੇ ਨਿਰਦੇਸ਼ਾਂ ਨੂੰ ਮੁੜ ਦੁਹਰਾਇਆ ਅਤੇ ਸਮਝਾਇਆ ਗਿਆ ਹੈ। ਪਰਮੇਸ਼ੁਰ ਦੀਆਂ ਸਿੱਖਿਆਵਾਂ ਦੁਹਰਾਏ ਜਾਣ ਯੋਗ ਹਨ!

ਆਓ ਅਸੀਂ ਕਦੇ ਇਹ ਕਲਪਨਾ ਨਾ ਕਰੀਏ ਕਿ ਪਿਛਲੇ ਪਾਠਾਂ ਨੂੰ ਚੇਤੇ ਕੀਤਾ ਗਿਆ ਹੈ ਜਾਂ ਮਹੱਤਵ ਨਹੀਂ ਸਮਝਿਆ ਗਿਆ ਕਿ ਲੋਕ ਨਿਹਚਾ ਦੇ ਮੂਲ ਸਿਧਾਂਤਾਂ ਨੂੰ ਮੰਨਦੇ ਹਨ। ਸਾਨੂੰ ਬਾਰ-ਬਾਰ ਉਨ੍ਹਾਂ ਦੇ ਜੀਵਨਾਂ ਦੇ ਲਈ ਉਨ੍ਹਾਂ ਨੂੰ ਦਿੱਤੇ ਪਰਮੇਸ਼ੁਰ ਦੇ ਨਿਰਦੇਸ਼ ਲਈ ਕਦੇ ਮਾਫ਼ੀ ਨਹੀਂ ਮੰਗਣੀ ਚਾਹੀਦੀ!

*ਭਾਈਆਂ ਨੂੰ ਉਤਸ਼ਾਹਿਤ ਕਰਨ ਵਿੱਚ ਕੋਮਲ ਬਣੋ।* ਸਿੱਖਿਆ ਦੇਣ ਵਾਲੇ ਕਦੇ-ਕਦੇ ਪਰਮੇਸ਼ੁਰ ਦੀ ਇੱਛਾ ਨੂੰ ਸਿੱਖਣ ਅਤੇ ਇਸ ਤੇ ਅਮਲ ਕਰਨ ਵਿੱਚ ਬੜੇ ਕਠੋਰ ਤਰੀਕੇ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਪਰਤਾਏ ਜਾ ਸਕਦੇ ਹਨ। ਸ਼ਾਇਦ ਅਸੀਂ ਕਹੀਏ ਜਾਂ ਇਹ ਭਾਵ ਦੇਈਏ ਕਿ ਜਿਹੜੇ ਸਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ "ਨਾਉਮੀਦੇ" ਹਨ। ਇਹ ਅਕਸਰ ਉਨ੍ਹਾਂ ਦੇ ਢੀਠ ਹੋਣ ਦੀ ਬਜਾਇ ਸਾਡੇ ਆਪਣੇ ਅੰਦਰ ਧੀਰਜ ਦੀ ਕਮੀ ਵੱਲ ਇਸ਼ਾਰਾ ਕਰਦਾ ਹੈ।

ਸਾਨੂੰ ਹਰ ਵਿਦਿਆਰਥੀ ਅਤੇ ਮਿੱਤਰ ਅੰਦਰ ਵੱਧ ਤੋਂ ਵੱਧ ਯੋਗਤਾ ਵੇਖਣੀ ਅਤੇ ਉਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਕਰਨ ਦੇ ਲਈ ਸਾਨੂੰ ਕਈ ਹਫ਼ਤੇ, ਕਈ ਮਹੀਨੇ ਜਾਂ ਸਗੋਂ ਕਈ ਸਾਲ ਵੀ ਲੱਗ ਸਕਦੇ ਹਨ। ਥੱਸਲੁਨੀਕੇ ਦੀ ਕਲੀਸੀਆ ਨੂੰ ਲਿਖੀ ਗਈ ਦੂਜੀ ਪੱਤ੍ਰੀ ਅਤੇ ਸਗੋਂ ਪਹਿਲੀ ਵੀ ਇਹ ਦਰਸਾਉਂਦੀ ਹੈ ਕਿ ਸਿੱਖਿਆ ਦੇਣ ਵਾਲੇ ਇਨ੍ਹਾਂ ਮਸੀਹੀ ਲੋਕਾਂ ਦੀ ਯੋਗਤਾ ਨੂੰ ਵੇਖ ਸਕੇ।

"ਤੁਸੀਂ ਇਹ ਕਰ ਸਕਦੇ ਹੋ"; "ਸਾਨੂੰ ਯਕੀਨ ਹੈ ਕਿ ਤੁਸੀਂ ਧੀਰਜ ਰੱਖ ਸਕਦੇ ਹੋ" ਅਤੇ "ਸਾਨੂੰ ਭਰੋਸਾ ਹੈ ਕਿ ਤੁਸੀਂ ਸਫ਼ਲ ਹੋ ਸਕਦੇ ਹੋ" ਏਹ ਸਾਰੀਆਂ ਗੱਲਾਂ 3:4 ਵਰਗੇ ਇੱਕ ਬੰਦ ਦੇ ਭਾਵ ਨੂੰ ਪਰਗਟ ਕਰਨ ਦੇ ਤਰੀਕੇ ਹਨ। ਸਾਡੇ ਅਤੇ ਉਨ੍ਹਾਂ ਵਿਚਕਾਰ ਉਤਸ਼ਾਹਪੂਰਣ ਸੰਬੰਧ ਜਿਹੜੇ ਸਾਨੂੰ ਸਿਖਾਉਣ ਅਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਨੂੰ

ਉਹ ਸਮਝਣ ਵਿੱਚ ਮਦਦ ਕਰਨ ਲਈ ਹਮੇਸ਼ਾ ਮਦਦਗਾਰ ਹੁੰਦਾ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ। ਸਾਡਾ ਨਿਸ਼ਾਨਾ ਆਪਣੇ ਜੀਵਨਾਂ ਵਿੱਚ ਅਜਿਹੀ ਉਤਸ਼ਾਹਪੂਰਣ ਬੋਲੀ ਨੂੰ ਵਿਕਸਤ ਕਰਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਉਨ੍ਹਾਂ ਨੂੰ ਪਰਮੇਸ਼ੁਰ ਦੀ ਦਿੱਤੀ ਹੋਈ ਯੋਗਤਾ ਨੂੰ ਪਛਾਣਨ ਅਤੇ ਪਰਮੇਸ਼ੁਰ ਦੀ ਮਦਦ ਨਾਲ ਉਸ ਅਨੁਸਾਰ ਜੀਉਣਾ ਭਾਲਣ।

*ਸਿੱਟਾ।* ਜੇਕਰ ਸਾਨੂੰ ਕਿਸੇ ਰਸੂਲ ਵੱਲੋਂ ਇੱਕ ਪੱਤ੍ਰੀ ਮਿਲੀ ਹੈ—ਇੱਕ ਅਜਿਹਾ ਰਸੂਲ ਜਿਸ ਨੂੰ ਅਸੀਂ ਮਸੀਹ ਵਿੱਚ ਉਤਸ਼ਾਹ ਦੇਣ ਵਾਲੇ ਭਰਾ ਵਜੋਂ ਜਾਣਦੇ ਹਾਂ, ਅਸੀਂ ਨਿਸ਼ਚਤ ਤੌਰ ਤੇ ਇਸ ਪੱਤ੍ਰੀ ਨੂੰ ਪੜ੍ਹਾਂਗੇ। ਅਸੀਂ ਇਸ ਨੂੰ ਸੰਭਾਲ ਕੇ ਰੱਖਾਂਗੇ ਅਤੇ ਉਸ ਦੇ ਦੁਆਰਾ ਦਿੱਤੀ ਗਈ ਸਲਾਹ ਦਾ ਪਾਲਣ ਕਰਾਂਗੇ।

ਇੱਕ ਭਾਵ ਵਿੱਚ, ਸਾਡੇ ਕੋਲ ਅਜਿਹੀਆਂ ਕਈ ਪੱਤ੍ਰੀਆਂ ਹਨ। ਉਨ੍ਹਾਂ ਵਿੱਚੋਂ ਦੋ ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਨੂੰ ਲਿਖੀਆਂ ਗਈਆਂ ਸਨ, ਪਰ ਉਹ ਸਾਡੇ ਲਈ ਵੀ ਓਨੀਆਂ ਹੀ ਮਹੱਤਵਪੂਰਣ ਹਨ। ਉਨ੍ਹਾਂ ਨੂੰ ਸੰਭਾਲ ਕੇ ਰੱਖਿਆ ਗਿਆ ਹੈ ਤਾਂ ਜੋ ਅਸੀਂ ਲਗਾਤਾਰ ਯਿਸੂ ਦੇ ਪਿੱਛੇ ਚੱਲਦੇ ਰਹੀਏ, ਭਾਵੇਂ ਹਾਲਾਤ ਜਿਵੇਂ ਦੇ ਮਰਜ਼ੀ ਹੋਣ। ਆਓ ਅਸੀਂ ਉਨ੍ਹਾਂ ਨੂੰ ਸਾਂਭ ਕੇ ਰੱਖੀਏ, ਉਨ੍ਹਾਂ ਨੂੰ ਚੇਤੇ ਰੱਖੀਏ ਅਤੇ ਉਨ੍ਹਾਂ ਦੀ ਪਾਲਣਾ ਕਰੀਏ। TP

## ਤਿਆਰ ਹੋਣਾ

ਇੱਕ ਨੌਜਵਾਨ ਆਦਮੀ ਨੂੰ ਇੱਕ ਬਾਗ ਨੂੰ ਜੰਗਲੀ ਬੂਟੀ ਤੋਂ ਸੰਭਾਲ ਕੇ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ। ਉਹ ਉਸ ਨੂੰ ਦਿੱਤੀ ਗਈ ਇਸ ਚੁਣੌਤੀ ਨੂੰ ਪੂਰਾ ਕਰਨ ਵਿੱਚ ਬਹੁਤ ਹੀ ਵਫ਼ਾਦਾਰ ਸੀ। ਜਦੋਂ ਉਸ ਦਾ ਇੱਕ ਮਿੱਤਰ ਉਸ ਦੇ ਨਾਲ ਬਾਗ ਨੂੰ ਦੇਖ ਰਿਹਾ ਸੀ, ਉਸ ਨੇ ਟਿੱਪਣੀ ਕੀਤੀ, "ਮੇਰਾ ਮੰਨਣਾ ਹੈ ਕਿ ਤੂੰ ਇਸ ਬਾਗ ਦੀ ਦੇਖਭਾਲ ਇਸ ਤਰੀਕੇ ਨਾਲ ਕਰ ਰਿਹਾ ਹੈਂ ਜਿਵੇਂ ਕਿ ਤੂੰ ਆਪਣੇ ਮਾਲਕ ਦੇ ਕੱਲ੍ਹ ਹੀ ਵਾਪਸ ਆਉਣ ਦੀ ਉਮੀਦ ਕਰ ਰਿਹਾ ਹੋਵੇਂ।" ਉਸ ਨੌਜਵਾਨ ਨੇ ਝੱਟ ਜਵਾਬ ਦਿੱਤਾ, "ਓ, ਨਹੀਂ। ਮੈਂ ਇਸ ਬਾਗ ਦੀ ਦੇਖਭਾਲ ਇਸ ਤਰੀਕੇ ਨਾਲ ਕਰ ਰਿਹਾ ਹਾਂ ਜਿਵੇਂ ਕਿ ਮੈਂ ਇਸ ਬਾਗ ਦੇ ਮਾਲਕ ਦੇ *ਅੱਜ* ਹੀ ਆਉਣ ਦੀ ਉਮੀਦ ਕਰ ਰਿਹਾ ਹੋਵਾਂ।" ਉਸ ਦੀ ਇਹ ਟਿੱਪਣੀ ਨਾ ਸਿਰਫ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਕਿਵੇਂ ਅਸੀਂ ਇੱਕ ਬਾਗ ਦੀ ਦੇਖਭਾਲ ਕਰਦੇ ਹਾਂ, ਪਰ ਇਸ ਗੱਲ ਵੱਲ ਵੀ ਕਿ ਪ੍ਰਭੂ ਦੇ ਵਾਪਸ ਆਉਣ ਨੂੰ ਮੱਦੇ ਨਜ਼ਰ ਰੱਖਦੇ ਹੋਏ ਅਸੀਂ ਜੀਵਨ ਦੀ ਦੇਖਭਾਲ ਕਿਵੇਂ ਕਰਦੇ ਹਾਂ। ਕੀ ਅਸੀਂ *ਹੁਣੇ ਉਸ ਦੀ ਆਮਦ ਦੇ ਲਈ* ਤਿਆਰ ਹਾਂ?

ਦੂਜਾ ਥੱਸਲੁਨੀਕੀਆਂ ਦੀ ਪੱਤ੍ਰੀ ਮਸੀਹ ਦੀ ਆਮਦ ਨੂੰ ਪਹਿਲਾ ਥੱਸਲੁਨੀਕੀਆਂ ਦੀ ਪੱਤ੍ਰੀ ਨਾਲੋਂ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਦੀ ਹੈ। ਪੌਲੁਸ ਦੀ ਇਹ ਦੂਜੀ ਪੱਤ੍ਰੀ ਦੂਜੀ ਆਮਦ ਦੀ ਚਰਚਾ ਇੱਕ ਸੁਖ, ਇੱਕ ਬਦਲੇ ਅਤੇ ਇੱਕ ਯਾਦ-ਪੱਤਰ ਵਜੋਂ ਕਰਦੀ ਹੈ। ਪਹਿਲਾ ਅਧਿਆਇ ਇੱਕ ਪ੍ਰੇਰਣਾ ਹੈ, ਦੂਜਾ ਅਧਿਆਇ ਇੱਕ ਵਿਆਖਿਆ ਹੈ ਅਤੇ ਤੀਜਾ ਅਧਿਆਇ ਇੱਕ ਚਿਤਾਵਨੀ ਹੈ।

ਇਸ ਪੱਤ੍ਰੀ ਦੀਆਂ ਜ਼ਿਆਦਾਤਰ ਗੱਲਾਂ ਪਹਿਲੀ ਪੱਤ੍ਰੀ ਨਾਲ ਮਿਲਦੀਆਂ ਹਨ। ਪਹਿਲਾ ਥੱਸਲੁਨੀਕੀਆਂ ਦਾ ਵਿਸ਼ਾ ਹੈ, "ਦੂਜੀ ਆਮਦ।" ਦੂਜਾ ਥੱਸਲੁਨੀਕੀਆਂ ਦਾ ਵਿਸ਼ਾ ਹੈ, "ਧੀਰਜ ਨਾਲ ਦੂਜੀ ਆਮਦ ਦੀ ਉਡੀਕ ਕਰੋ।" "ਯਿਸੂ ਆ ਰਿਹਾ ਹੈ," ਇੱਥੇ ਪੌਲੁਸ ਨੇ ਕਿਹਾ, "ਪਰ ਉਹ ਤੁਰੰਤ ਨਹੀਂ ਆ ਰਿਹਾ। ਉਸ ਦੇ ਆਉਣ ਤੋਂ ਪਹਿਲਾਂ ਕੁਝ ਨਾ ਕੁਝ ਹੋਣਾ ਜ਼ਰੂਰੀ ਹੈ। 'ਪਾਪ ਦਾ ਪੁਰਖ' ਪਹਿਲਾਂ ਆਵੇਗਾ।" ਇਹ ਪੱਤ੍ਰੀ ਆਪਣੇ ਆਪ ਵਿੱਚ ਇਸ ਲਈ ਅਨੋਖੀ

ਹੈ ਕਿਉਂਕਿ ਇਹ “ਪਾਪ ਦੇ ਪੁਰਖ” ਜਾਂ “ਕੁਧਰਮ ਦੇ ਪੁਰਖ” ਬਾਰੇ ਵਿਸਤਰਤ ਵਰਣਨ ਦਿੰਦੀ ਹੈ। EC

---

ਟਿੱਪਣੀਆਂ

[1]ਪੋਲੀਕਾਰਪ *ਏਪਿਸਲ ਟੂ ਦ ਫਿਲਿਪੀਅਨਜ਼* 11.3, 4; ਆਈਰੇਨੀਅਸ *ਅਗੇਂਸਟ ਹੈਰੇਸੀਜ਼* 3.6.5; ਸਿਕੰਦਰੀਆ ਦਾ ਕਲੈਮੰਸ *ਸਟਰੋਮਾਟਾ* 5.3. [2]ਰੌਬਰਟ ਐਲ. ਥੋਮਸ, “2 ਥੱਸਲੁਨੀਕੀਆਂ,” *ਦ ਇਕਸਪੋਜੀਟਰਸ ਬਾਈਬਲ ਕਮੈਂਟਰੀ* ਵਿੱਚ, ਸੋਧ ਫਰੈਂਕ ਈ. ਗਾਬੇਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1978), 11:302. [3]ਉਸੇ ਸਥਾਨ ਤੇ, 303. [4]ਰੇਮੰਡ ਸੀ. ਕੈਲਸੀ ਤੋਂ ਲਿਆ ਗਿਆ, *ਦ ਲੈਟਰਸ ਆਫ਼ ਪੌਲ ਟੂ ਦ ਥੈਸਾਲੋਨੀਅਨਜ਼*, ਦ ਲਿਵਿੰਗ ਵਰਡ ਕਮੈਂਟਰੀ, ਜਿਲਦ 13 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1968), 134.